# ਇਨਵੇਸਟਰ ਦੇਖ-ਰੇਖ ਕਰਦਾ ਹੈ: BCSC ਪੈਸਾ ਵਧਾਉਣ ਦੇ ਸੈਮੀਨਾਰਾਂ ਬਾਰੇ ਚਿੰਤਤ ਹੋਈ

ਬ੍ਰਿਟਿਸ਼ ਕੋਲੰਬਿਆ ਸਿਕਯੁਰਿਟੀਜ਼ ਕਮੀਸ਼ਨ (BCSC) ਗਾਹਕਾਂ ਨੂੰ "ਪੈਸਾ ਵਧਾਉਣ ਵਾਲੇ" ਵਜੋਂ ਕਹਾਉਂਦੇ ਸੈਮੀਨਾਰਾਂ ਬਾਰੇ ਇੱਕ ਚੇਤਾਵਨੀ ਜਾਰੀ ਕਰ ਰਹੀ ਹੈ ਜੋ ਪੂਰੇ ਦੇਸ਼ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। BCSC ਖਪਤਕਾਰਾਂ ਨੂੰ ਇਸ ਕਿਸਮ ਦੇ ਸੈਮੀਨਾਰਾਂ ਤੋਂ ਬਚਣ ਲਈ, ਅਤੇ ਕਿਸੇ ਇਨਵੇਸਮੇਂਟ ਸਲਾਹ ਲਈ ਇੱਕ ਰਜਿਸਟਰਡ ਸਲਾਹਕਾਰ ਨਾਲ ਸੰਪਰਕ ਕਰਨ ਲਈ ਸਖ਼ਤੀ ਨਾਲ ਪ੍ਰੇਰਿਤ ਕਰਦੀ ਹੈ।

ਇਨਵੇਸਮੇਂਟ ਸੈਮੀਨਾਰ ਆਯੋਜਿਤ ਕਰਦੀਆਂ ਬਹੁਤ ਸਾਰੀਆਂ ਕੰਪਨੀਆਂ ਹਨ ਜੋ ਉੱਥੇ ਮੌਜੂਦ ਲੋਕਾਂ ਨੂੰ ਪੈਸਾ ਵਧਾਉਣ ਦੀਆਂ ਪ੍ਰਮਾਣਤ ਨੀਤੀਆਂ ਪ੍ਰਦਾਨ ਕਰਨ ਦਾ ਦਾਅਵਾ ਕਰਦੀਆਂ ਹਨ। ਫੇਰ ਵੀ, BCSC ਦੇ ਤਜਰਬੇ ਵਿੱਚ, ਇਸ ਕਿਸਮ ਦੇ ਸੈਮੀਨਾਰਾਂ (ਜਿਨ੍ਹਾਂ ਨੂੰ ਅਕਸਰ "ਮੁਫ਼ਤ" ਵਜੋਂ ਵੇਚਿਆ ਜਾਂਦਾ ਹੈ) ਵਿੱਚ ਬਹੁਤ ਜ਼ਿਆਦਾ "ਸਦੱਸਤਾ" ਫ਼ੀਸ ਸ਼ਾਮਲ ਕਰਨ ਦੀ ਸੰਭਾਵਨਾ ਹੁੰਦੀ ਹੈ ਜੋ ਵਪਾਰ ਵਿੱਚ ਕਾਮਯਾਬ ਹੋਣ ਲਈ ਅਤੇ/ਜਾਂ ਪੈਸੇ ਕਮਾਉਣ ਦੇ ਇਤਰਾਜ਼ ਯੋਗ ਤਰੀਕਿਆਂ ਤੱਕ ਪਹੁੰਚ ਪ੍ਰਦਾਨ ਕਰਦੇ ਹਨ ਜਿਵੇਂ ਕਿ ਕੀਮਤੀ ਧਾਤੂਆਂ, ਗ੍ਰਾਹਕ ਦਾ ਕਰਜਾ, ਵਾਤਾਵਰਣ ਨਾਲ ਸੰਬੰਧਤ ਪਰਿਯੋਜਨਾਵਾਂ, ਅਤੇ ਅੰਤਰਰਾਸ਼ਟਰੀ ਮਿਊਚੁਅਲ ਫੰਡਜ਼ ਜਿਹੀਆਂ ਚੀਜ਼ਾਂ ।

ਸੈਮੀਨਾਰ ਦੇ ਪੇਸ਼ਕਰਤਾ ਇਸ ਗੱਲ ਤੇ ਜ਼ੋਰ ਦੇਣ ਲਈ ਸਾਵਧਾਨ ਹੁੰਦੇ ਹਨ ਕਿ ਉਹ ਸਿਰਫ ਸੰਸਥਾ ਵਿੱਚ ਸਦੱਸਤਾ ਵੇਚ ਰਹੇ ਹਨ ਅਤੇ ਨਾ ਕਿ ਨਿਵੇਸ਼। ਫੇਰ ਵੀ, BCSC ਚਿੰਤਤ ਰਹਿੰਦੀ ਹੈ ਕਿਉਂਕਿ, ਮੀਡੀਆ ਦੀਆਂ ਰਿਪੋਰਟਾਂ ਮੁਤਾਬਕ, ਹਾਜ਼ਰ ਲੋਕਾਂ ਨੂੰ ਕਿਸੇ ਸਮੇਂ ਤੇ ਇਨਵੇਸਮੇਂਟ ਖਰੀਦਣ ਲਈ ਉਤਸਾਹਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਆਪਣੇ ਦੋਸਤਾਂ ਅਤੇ ਪਰਿਵਾਰ ਨੂੰ ਭਰਤੀ ਕਰਨ ਲਈ ਵੀ ਵਾਰ-ਵਾਰ ਉਤਸਾਹਿਤ ਕੀਤਾ ਜਾਂਦਾ ਹੈ।

ਅਕਸਰ, ਮੰਨੇ ਗਏ "ਪੈਸੇ ਦੇ ਪੇਸ਼ੇਵਰ" ਇਨਵੇਸਟਰਾਂ ਨੂੰ ਦੱਸਣਗੇ ਕਿ ਉਹ ਟੈਕਸ ਦਾ ਭੁਗਤਾਨ ਕਰਨ ਤੋਂ ਬਚਣ ਲਈ ਫੰਡਜ਼ ਨੂੰ ਦੂਜੇ ਦੇਸ਼ ਭੇਜ ਸਕਦੇ ਹਨ। ਯਾਦ ਰੱਖੋ, ਤੁਸੀਂ ਟੈਕਸ ਦਾ ਭੁਗਤਾਨ ਕਰਨਾ ਟਾਲ ਸਕਦੇ ਹੋ, ਪਰ ਤੁਸੀਂ ਇਨ੍ਹਾਂ ਦਾ ਭੁਗਤਾਨ ਕਰਨ ਤੋਂ ਬਚ ਨਹੀਂ ਸਕਦੇ। ਜੇ ਇੱਕਰਾਰ ਕੀਤੀਆਂ ਗਈਆਂ ਟੈਕਸ ਬਚਤਾਂ ਝੂਠੀਆਂ ਹੁੰਦੀਆਂ ਹਨ, ਤੁਹਾਨੂੰ ਬੈਕ ਟੈਕਸ, ਵਿਆਜ਼, ਅਤੇ ਜੁਰਮਾਨਿਆਂ ਵਿੱਚ ਕੈਨੇਡੀਅਨ ਸਰਕਾਰ ਨੂੰ ਭੁਗਤਾਨ ਕਰਨ ਦੀ ਵੀ ਲੋੜ ਹੋ ਸਕਦੀ ਹੈ।

ਹੋਰ ਤਾਂ ਹੋਰ, BCSC ਖਪਤਕਾਰਾਂ ਨੂੰ ਸਚੇਤ ਕਰਨਾ ਚਾਹੁੰਦੀ ਹੈ ਕਿ ਪੈਸਿਆਂ ਨੂੰ ਸਮੁੰਦਰ ਤੋਂ ਪਾਰ ਭੇਜਣ ਰਾਹੀਂ ਉਹ ਆਪਣਾ ਜੋਖਮ ਵਧਾਉਂਦੇ ਹਨ ਕਿਉਂਕਿ ਇਸ ਨਾਲ ਆਮ ਤੌਰ ਤੇ ਆਪਣੇ ਪੈਸਿਆਂ ਦਾ ਮੁੜ ਦਾਅਵਾ ਕਰਨ

ਲਈ ਕੀਤੇ ਗਏ ਜਤਨ ਹੋਰ ਔਖੇ ਹੋ ਜਾਂਦੇ ਹਨ, ਜੇ ਨਾਮੁਮਕਿਨ ਨਹੀਂ ਹੁੰਦੇ, ਜੇ ਤੁਹਾਡੇ ਇਨਵੇਸਮੇਂਟ ਦੂਰ ਚਲੇ ਜਾਂਦੇ ਹਨ।

**ਆਪਣਾ ਕੋਈ ਵੀ ਪੈਸਾ ਦੇਣ ਤੋਂ ਪਹਿਲਾਂ ਇਹ ਕਦਮ ਪੁੱਟਣ ਰਾਹੀਂ ਆਪਣੇ ਆਪ ਨੂੰ ਰੱਖਿਅਤ ਕਰਨ ਵਿੱਚ ਮਦਦ ਕਰੋ:**

- ਕੈਨੇਡੀਅਨ ਸਿਕਯੂਰਿਟੀਜ਼ ਐਡਮਿਨਿਸਟ੍ਰੇਟਰਜ਼ (CSA) ਦੀ ਨੈਸ਼ਨਲ ਰਜਿਸਟ੍ਰੇਸ਼ਨ ਸਰਚ (ਰਾਸ਼ਟਰੀ ਪੰਜੀਕਰਣ ਖੋਜ) ਦੀ ਜਾਂਚ ਕਰੋ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਕੀ ਤੁਹਾਨੂੰ ਇਨਵੇਸਮੇਂਟ ਦੀ ਪੇਸ਼ਕਸ਼ ਕਰ ਰਹੀ ਕੰਪਨੀ ਜਾਂ ਵਿਅਕਤੀ ਸਿਕਯੂਰਿਟੀਜ਼ ਵੇਚਣ ਲਈ ਰਜਿਸਟਰਡ ਹਨ।
- CSA ਦੀ ਡਿਸੀਪਲਿਨਡ ਪਰਸਨਜ਼ ਲਿਸਟ (ਦੋਸ਼ੀ ਠਹਿਰਾਏ ਗਏ ਵਿਅਕਤੀਆਂ ਦੀ ਸੂਚੀ) ਦੀ ਜਾਂਚ ਕਰੋ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਕੀ ਕੋਈ ਵਿਅਕਤੀ ਕੈਨੇਡਾ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ।
- ਜੇ ਤੁਸੀਂ ਕੰਪਨੀ ਅਤੇ ਵਿਅਕਤੀਆਂ ਉੱਤੇ ਉਨ੍ਹਾਂ ਦੇ ਅਤੀਤ ਦੀ ਜਾਂਚ ਕਰਨਾ ਚਾਹੁੰਦੇ ਹੋ ਤਾਂ ਇੰਟਰਨੈਟ ਤੇ ਖੋਜ ਕਰੋ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਕੀ ਉਨ੍ਹਾਂ ਨੇ ਪਹਿਲਾਂ ਹੋਰ ਕੰਪਨੀ ਜਾਂ ਕੋਈ ਨਿਜੀ ਨਾਂ ਵਰਤੇ ਹਨ, ਅਤੇ ਅਤੀਤ ਦੀਆਂ ਕਿਸੇ ਸਮੱਸਿਆਵਾਂ ਦੇ ਸੰਕੇਤਾਂ ਦੀ ਭਾਲ ਕਰੋ ਜਿਵੇਂ ਕਿ ਹੋਰ ਨਿਵੇਸ਼ਕਾਂ ਨੇ ਪੈਸੇ ਗੁਆਏ ਜਾਂ ਕੰਪਨੀ ਦਾ ਦਿਵਾਲਾ ਨਿਕਲਣਾ।
  o BC Registry Services
  o ਤੇ Land titles ਜਾਂ corporate registries ਦੀ ਖੋਜ ਕਰਣ ਲਈ ਕੈਨੇਡਾ ਵਿੱਚ ਸੁਪਰੀਟੈਂਡੈਂਟ ਆਫ਼ ਬੈਂਕਰਪਸੀ (Superintendent Of Bankruptcy in Canada) ਦੇ ਦਫ਼ਤਰ ਨਾਲ ਸੰਪਰਕ ਕਰੋ
- ਜੇ ਵਿਅਕਤੀ ਇੱਕ ਨਾਮਜ਼ਦਗੀ ਜਾਂ ਹੋਰ ਸਿਖਲਾਈ ਦਾ ਪ੍ਰਚਾਰ ਕਰਦੇ ਹਨ, ਜਾਂਚ ਕਰੋ ਕਿ ਕਿਸ ਚੀਜ਼ ਦੀ ਲੋੜ ਸੀ ਅਤੇ ਇਹ ਸਾਖ਼ ਕਿੱਥੋਂ ਆਈ।
- ਇਨਵੇਸਮੇਂਟ ਬਾਰੇ ਬਹੁਤ ਸਾਰੇ ਸੁਆਲ ਪੁੱਛੋ ਅਤੇ ਲਿਖਤ ਵਿੱਚ ਜਾਣਕਾਰੀ ਪ੍ਰਾਪਤ ਕਰੋ। ਦੂਜੀ ਰਾਇ ਪ੍ਰਾਪਤ ਕਰਨ ਲਈ ਵਪਾਰ ਦੀ ਜਾਣਕਾਰੀ ਰੱਖਣ ਵਾਲੇ ਕਿਸੇ ਵਿਅਕਤੀ ਨਾਲ ਸਲਾਹ ਕਰੋ ਜੋ ਇਸ ਸੌਦੇ ਵਿੱਚ ਸ਼ਾਮਲ ਨਹੀਂ ਹੈ।

- ਜੇ ਮੌਕਾ ਸ਼ੱਕੀ ਜਾਪਦਾ ਹੈ, ਉਨ੍ਹਾਂ ਦੇ ਕਿਸੇ ਵੀ ਸੈਮੀਨਾਰ ਤੇ ਨਾ ਜਾਣ ਦਾ ਵਿੱਚਾਰ ਕਰ ਲਓ, ਕਿਉਂਕਿ ਇੱਕ ਵਾਰ ਤੁਸੀਂ ਉੱਥੇ ਚਲੇ ਜਾਂਦੇ ਹੋ ਤਾਂ ਵਿਕਰੀ ਕਰਨ ਦੇ ਵੱਧ ਦਬਾਅ ਦੀਆਂ ਚਾਲਾਂ ਕਾਰਣ ਪੇਸ਼ ਕੀਤੀ ਜਾ ਰਹੀ ਚੀਜ਼ ਨੂੰ ਮਨਾਂ ਕਰਨਾ ਔਖਾ ਹੋ ਜਾਂਦਾ ਹੈ।

BCSC ਇਨਵੇਸਟਰਾਂ ਨੂੰ ਪੈਸਾ ਵਧਾਉਣ ਦੇ ਇੱਕ ਸੈਮੀਨਾਰ ਰਾਹੀਂ ਉਨ੍ਹਾਂ ਨੂੰ ਕੀਤੀ ਗਈ ਪੇਸ਼ਕਸ਼ ਬਾਰੇ ਸਚੇਤ ਰਹਿਣ ਲਈ, ਅਤੇ ਉਨ੍ਹਾਂ ਨਿਵੇਸ਼ਾਂ ਬਾਰੇ ਬਹੁਤ ਜ਼ਿਆਦਾ ਸਚੇਤ ਰਹਿਣ ਲਈ ਸਖ਼ਤੀ ਨਾਲ ਉਤਸਾਹਿਤ ਕਰਦੀ ਹੈ, ਜਿਨ੍ਹਾਂ ਵਿੱਚ ਹੇਠ ਲਿਖੇ ਚੇਤਾਵਨੀ ਸੰਕੇਤਾਂ ਵਿੱਚੋਂ ਕੋਈ ਸ਼ਾਮਿਲ ਹੁੰਦੇ ਹਨ:

- ਸ਼ਹਿਰੀ ਕੇਂਦਰਾਂ ਤੋਂ ਦੂਰ ਸੈਮੀਨਾਰਾਂ ਤੇ ਹਾਜ਼ਰ ਹੋਣ ਲਈ ਸੱਦੇ, ਜਿਸ ਲਈ ਤੁਹਾਨੂੰ ਹਾਜ਼ਰ ਹੋਣ ਲਈ ਖਾਸ ਫ਼ੀਸ ਦਾ ਭੁਗਤਾਨ ਕਰਨਾ ਲਾਜ਼ਮੀ ਹੁੰਦਾ ਹੈ
- ਮਾਰਕਿਟਿੰਗ ਜੋ ਤੁਹਾਡੇ ਪਰਿਵਾਰ ਨੂੰ ਵਿੱਤੀ ਕਰਜ਼ੇ ਤੋਂ ਬਾਹਰ ਕੱਢਣ ਲਈ ਤੁਹਾਡੀ ਇੱਛਾ ਨਾਲ ਖੇਡਦੀ ਹੈ
- ਇਨਵੇਸਮੇਂਟ ਜੋ ਥੋੜ੍ਹੇ ਜਾਂ ਬਿਨਾਂ ਜੋਖਮ ਨਾਲ ਉੱਚ ਦਰਾਂ ਦਾ ਇੱਕਰਾਰ ਕਰਦੇ ਹਨ।
- ਵਿਅਕਤੀ ਜੋ ਅਸਰਦਾਇੱਕ ਨਜ਼ਰ ਆਉਣ ਵਾਲੀ ਸਾਖ਼ ਅਤੇ ਨਾਮਜ਼ਦਗੀ ਦਾ ਵਿਸਤਾਰ ਕਰਦੇ ਹਨ ਜਿਸ ਦੀ ਤੁਸੀਂ ਪੁਸ਼ਟੀ ਨਹੀਂ ਕਰਨ ਯੋਗ ਹੁੰਦੇ (ਮਿਸਾਲ ਵਜੋਂ "ਪੈਸਾ ਵਧਾਉਣ ਵਾਲੇ ਪੇਸ਼ੇਵਰ")
- ਮੌਕੇ ਜਿੰਨ੍ਹਾਂ ਦਾ ਨੇੜ੍ਹਲੇ ਦੋਸਤਾਂ ਜਾਂ ਪਰਿਵਾਰ ਦੇ ਹਵਾਲਿਆਂ ਰਾਹੀਂ ਮੂੰਹ-ਜਬਾਨੀ ਪ੍ਰਚਾਰ ਕੀਤਾ ਜਾਂਦਾ ਹੈ

ਜੇ ਜਨਤਾ ਦੀਆਂ ਇਨਵੇਸਮੇਂਟ ਸੈਮੀਨਾਰਾਂ ਬਾਰੇ ਕੋਈ ਚਿੰਤਾਵਾਂ ਹੁੰਦੀਆਂ ਹਨ ਉਨ੍ਹਾਂ ਨੂੰ ਤੁਰੰਤ ਇਸ ਜਾਣਕਾਰੀ ਦੀ ਸੂਚਨਾ BCSC ਨੂੰ ਦੇਣੀ ਚਾਹੀਦੀ ਹੈ ਜਾਂ ਅਗਾਂਹ ਭੇਜਣੀ ਚਾਹੀਦੀ ਹੈ।